# ਭਗਤ ਤ੍ਰਿਲੋਚਨ - ਸਬਦ ੪

## ਨਾਰਾਇਣ ਨਿੰਦਸਿ ਕਾਇ ਭੂਲੀ ਗਵਾਰੀ ॥

ਰਾਗੁ ਧਨਾਸਰੀ, ਭਗਤ ਤ੍ਰਿਲੋਚਨ, ਗੁਰੂ ਗ੍ਰੰਥ ਸਾਹਿਬ, ੬੯੫

ਨਾਰਾਇਣ ਨਿੰਦਸਿ ਕਾਇ ਭੂਲੀ ਗਵਾਰੀ ॥
ਦੁਕ੍ਰਿਤੁ ਸੁਕ੍ਰਿਤੁ ਥਾਰੋ ਕਰਮੁ ਰੀ ॥੧॥ ਰਹਾਉ ॥
ਸੰਕਰਾ ਮਸਤਕਿ ਬਸਤਾ ਸੁਰਸਰੀ ਇਸਨਾਨ ਰੇ ॥
ਕੁਲ ਜਨ ਮਧੇ ਮਿਲ੍ਯ੍ਯੋ ਸਾਰਗ ਪਾਨ ਰੇ ॥
ਕਰਮ ਕਰਿ ਕਲੰਕੁ ਮਫੀਟਸਿ ਰੀ ॥੧॥
ਬਿਸ੍ਵ ਕਾ ਦੀਪਕੁ ਸ੍ਵਾਮੀ ਤਾ ਚੇਰੇ ਸੁਆਰਥੀ ਪੰਖੀ ਰਾਇ ਗਰੁੜ ਤਾ ਚੇ ਬਾਧਵਾ ॥
ਕਰਮ ਕਰਿ ਅਰੁਣ ਪਿੰਗੁਲਾ ਰੀ ॥੨॥
ਅਨਿਕ ਪਾਤਿਕ ਹਰਤਾ ਤ੍ਰਿਭਵਣ ਨਾਥੁ ਰੀ ਤੀਰਥਿ ਤੀਰਥਿ ਭ੍ਰਮਤਾ ਲਹੈ ਨ ਪਾਰੁ ਰੀ ॥
ਕਰਮ ਕਰਿ ਕਪਾਲੁ ਮਫੀਟਸਿ ਰੀ ॥੩॥
ਅੰਮ੍ਰਿਤ ਸਸੀਅ ਧੇਨ ਲਛਿਮੀ ਕਲਪਤਰ ਸਿਖਰਿ ਸੁਨਾਗਰ ਨਦੀ ਚੇ ਨਾਥੰ ॥
ਕਰਮ ਕਰਿ ਖਾਰੁ ਮਫੀਟਸਿ ਰੀ ॥੪॥
ਦਾਧੀਲੇ ਲੰਕਾ ਗੜੁ ਉਪਾੜੀਲੇ ਰਾਵਣ ਬਣੁ ਸਲਿ ਬਿਸਲਿ ਆਣਿ ਤੋਖੀਲੇ ਹਰੀ ॥
ਕਰਮ ਕਰਿ ਕਛਉਟੀ ਮਫੀਟਸਿ ਰੀ ॥੫॥
ਪੂਰਬਲੋ ਕਿ®ਤ ਕਰਮੁ ਨ ਮਿਟੈ ਰੀ ਘਰ ਗੇਹਣਿ ਤਾ ਚੇ ਮੋਹਿ ਜਾਪੀਅਲੇ ਰਾਮ ਚੇ ਨਾਮੰ ॥
ਬਦਤਿ ਤ੍ਰਿਲੋਚਨ ਰਾਮ ਜੀ ॥੬॥੧॥

ਸਾਰ: ਅੰਤਰੀਵੀ ਠਹਿਰਾਉ ਇਕ ਤੀਬਰ ਸੱਚਾਈ ਨੂੰ ਉਜਾਗਰ ਕਰਦਾ ਹੈ: ਮਨ ਅਕਸਰ ਆਪਣੇ ਦੁੱਖਾਂ ਅਤੇ ਪ੍ਰੇਸ਼ਾਨੀਆਂ ਲਈ ਅਦ੍ਰਿਸ਼ਟ ਸ਼ਕਤੀਆਂ, ਕਿਸਮਤ, ਸਮਾਜ ਜਾਂ ਹਾਲਾਤਾਂ ਨੂੰ ਦੋਸ਼ ਦਿੰਦਾ ਹੈ, ਪਰ ਆਪਣੇ ਹੀ ਕਰਮਾਂ ਅਤੇ ਚੋਣਾਂ ਦੇ ਮੌਨ ਪ੍ਰਭਾਵਾਂ ਦਾ ਸਾਹਮਣਾ ਕਰਨ ਤੋਂ ਕਤਰਾਉਂਦਾ ਹੈ। ਇਹ ਵਿਚਾਰ ਦਰਸਾਉਂਦਾ ਹੈ ਕਿ ਸਾਡੇ ਵਿਚਾਰ, ਇੱਛਾਵਾਂ, ਡਰ ਅਤੇ ਕਰਮ ਸਾਡੇ ਜੀਵਨ ਉੱਤੇ ਆਪਣਾ ਡੂੰਘਾ ਨਿਸ਼ਾਨ

ਛੱਡਦੇ ਹਨ। ਇਹ ਪ੍ਰਭਾਵ ਕੇਵਲ ਬਾਹਰੀ ਪਹਿਚਾਣਾਂ, ਨਾਮਾਂ ਜਾਂ ਰਸਮੀ ਕਿਰਿਆਵਾਂ ਰਾਹੀਂ ਅਲੋਪ ਨਹੀਂ ਹੁੰਦੇ। ਪਰ ਆਤਮ-ਚਿੰਤਨ, ਮੰਥਨ ਅਤੇ ਅੰਤਰੀਵੀ ਇਕਸੁਰਤਾ ਰਾਹੀਂ ਅਸੀਂ ਪੁਰਾਣੀਆਂ ਮਾਨਸਿਕ ਧਾਰਣਾਵਾਂ ਅਤੇ ਸੰਸਕਾਰਾਂ ਦੀ ਪਕੜ ਨੂੰ ਹੌਲੀ-ਹੌਲੀ ਢਿੱਲੀ ਕਰ ਸਕਦੇ ਹਾਂ। ਇਨ੍ਹਾਂ ਰੁਝਾਨਾਂ ਤੋਂ ਭੱਜਣ ਜਾਂ ਉਨ੍ਹਾਂ ਨੂੰ ਦਬਾਉਣ ਦੀ ਬਜਾਏ, ਅਸੀਂ ਆਲੋਚਨਾਤਮਕ ਸੋਚ ਰਾਹੀਂ ਜਾਗਰੂਕਤਾ ਪੈਦਾ ਕਰ ਇਨ੍ਹਾਂ ਦੀ ਪਕੜ ਤੋਂ ਮੁਕਤ ਹੋ ਸਕਦੇ ਹਾਂ। ਜੀਵਨ ਨੂੰ ਬਿਹਤਰ ਬਣਾਉਣ ਲਈ ਰੁਪਾਂਤ੍ਰਣ ਦੀ ਇਹ ਯਾਤਰਾ ਅਤਿ ਜ਼ਰੂਰੀ ਹੈ।

ਨਾਰਾਇਣ ਨਿੰਦਸਿ ਕਾਇ ਭੂਲੀ ਗਵਾਰੀ ॥
ਸਰਬ-ਵਿਆਪਕ ਸਤਾ ਦੀ ਹਾਜ਼ਰਤਾ ਜਿਸਨੇ ਸਾਨੂੰ ਹਰ ਪਾਸੇ ਤੋਂ ਘੇਰਿਆ ਹੋਇਆ ਹੈ, ਉਸ ਦਾ ਵਿਰੋਧ ਕਰਕੇ ਅਗਿਆਨਤਾ ਵਿਚ ਕਿਉਂ ਭਟਕਣਾ? ਇਹ ਵਰਤਾਰਾ ਉਸ ਮਨ ਦੀ ਤਰਜ਼ਮਾਨੀ ਕਰਦਾ ਹੈ ਜੋ ਆਪਣੀ ਗੂੜ੍ਹ ਅਤੇ ਸੂਝ-ਭਰੀ ਚੇਤਨਾ ਨਾਲੋਂ ਟੁੱਟ ਚੁੱਕਾ ਹੈ।

ਦੁਕ੍ਰਿਤੁ ਸੁਕ੍ਰਿਤੁ ਥਾਰੋ ਕਰਮੁ ਰੀ ॥੧॥ ਰਹਾਉ ॥
ਢਾਹੂ ਜਾਂ ਉਸਾਰੂ ਕਿਸੇ ਵੀ ਰੂਪ ਵਿਚ ਹੋਣ, ਤੇਰੇ ਕਰਮ ਤੇਰੇ ਆਪਣੇ ਹਨ। ਇਹ ਐਲਾਨ ਇਸ ਗਹਿਰੀ ਸੂਝ ਨੂੰ ਉਜਾਗਰ ਕਰਦਾ ਹੈ ਕਿ ਮਨੁੱਖ ਦੇ ਵੱਖ-ਵੱਖ ਕਰਮ, ਪ੍ਰਤੀਕਿਰਿਆਵਾਂ ਅਤੇ ਉਨ੍ਹਾਂ ਦੇ ਨਤੀਜੇ ਉਸ ਦੀਆਂ ਅੰਤਰੀਵੀ ਪ੍ਰਵਿਰਤੀਆਂ ਤੋਂ ਹੀ ਉਤਪੰਨ ਹੁੰਦੇ ਹਨ। (੧)(ਠਹਿਰਾਉ)

ਸੰਕਰਾ ਮਸਤਕਿ ਬਸਤਾ ਸੁਰਸਰੀ ਇਸਨਾਨ ਰੇ ॥
ਮੱਥੇ ਉੱਤੇ ਉਕਰਿਆ (ਚੰਦ) ਸ਼ਿਵ ਦਾ ਚਿੰਨ੍ਹ ਅਤੇ ਪਵਿੱਤਰ ਨਦੀ ਵਿਚ ਇਸ਼ਨਾਨ ਕਰਨਾ, ਇਹ ਰਸਮਾਂ ਇਸ ਬੇਸਮਝੀ ਨੂੰ ਦਰਸਾਉਂਦੀਆਂ ਹਨ ਕਿ ਮਨੁੱਖ ਦਾਰਸ਼ਨਿਕ ਸਿਧਾਂਤਾਂ ਦੀ ਸੂਝ ਰੱਖਣ ਦੇ ਬਾਵਜੂਦ ਵੀ ਨਿਰਮਲਤਾ ਲਈ ਬਾਹਰੀ ਰਸਮਾਂ-ਰਿਵਾਜਾਂ ਨੂੰ ਹੀ ਮਹੱਤਵ ਦਿੰਦਾ ਰਹਿੰਦਾ ਹੈ।

ਕੁਲ ਜਨ ਮਧੇ ਮਿਲ੍ਹਿ ਸਾਰਗ ਪਾਨ ਰੇ ॥

ਸਤਿਕਾਰਯੋਗ ਵੰਸ਼ ਜਾਂ ਉੱਚ ਕੁਲ ਵਿਚ ਜਨਮ ਲੈਣਾ ਅਤੇ ਦਾਰਸ਼ਨਿਕ ਗਿਆਨ ਪ੍ਰਾਪਤ ਕਰਨਾ। ਇਹ ਭਾਵ ਉਸ ਸਮਾਜਿਕ ਅਨਿਆਇ ਨੂੰ ਉਜਾਗਰ ਕਰਦਾ ਹੈ ਜੋ ਵਿਰਾਸਤੀ ਧਾਰਮਿਕ ਅਤੇ ਸਮਾਜਿਕ ਦਰਜ਼ਾਬੰਦੀ ਨੂੰ ਕਾਇਮ ਰੱਖਦਿਆਂ, ਅਸਮਾਨਤਾ ਨੂੰ ਲਗਾਤਾਰ ਬਣਾਈ ਰੱਖਦਾ ਹੈ।

ਕਰਮ ਕਰਿ ਕਲੰਕੁ ਮਫੀਟਸਿ ਰੀ ॥੧॥

ਕਰਮਾਂ ਦੇ ਦਾਗ ਸਿਰਫ਼ ਬਣਾਵਟੀ ਪੱਧਰ 'ਤੇ ਧੋ ਕੇ ਨਹੀਂ ਮਿਟਦੇ। ਇਹ ਭਾਵ ਇਸ ਤੱਥ ਨੂੰ ਉਜਾਗਰ ਕਰਦਾ ਹੈ ਭਾਵੇਂ ਬਾਹਰੀ ਰੂਪ ਦਿੱਖ ਵਿਚ ਪਵਿੱਤਰ ਜਾਂ ਨਿਰਮਲ ਹੀ ਕਿਉਂ ਨਾ ਜਾਪੇ, ਅੰਤਰੀਵੀ ਹਲਚਲ ਅਤੇ ਬੇਚੈਨੀ ਕਾਇਮ ਰਹਿੰਦੀ ਹੈ। (੧)

ਬਿਸ੍ਵ ਕਾ ਦੀਪਕੁ ਸ੍ਵਾਮੀ ਤਾ ਚੇਰੇ ਸੁਆਰਥੀ ਪੰਖੀ ਰਾਇ ਗਰੁੜ ਤਾ ਚੇ ਬਾਧਵਾ ॥

ਹੇ ਰੱਥਵਾਹਨ! ਪ੍ਰਕਾਸ਼ ਦਾ ਸੋਮਾ ਤੇਰਾ ਗੁਰੂ ਹੈ, ਅਤੇ ਪੰਛੀਆਂ ਦਾ ਰਾਜਾ ਤੇਰਾ ਭਰਾ ਹੈ। ਇਹ ਪੌਰਾਣਿਕ ਸੰਕੇਤ ਦਰਸਾਉਂਦਾ ਹੈ ਕਿ ਗਿਆਨ, ਸ਼ਕਤੀ ਜਾਂ ਪ੍ਰਭਾਵ ਤੱਕ ਪਹੁੰਚ ਹੋਣ ਦੇ ਬਾਵਜੂਦ ਵੀ, ਜੇ ਧੀਰਜ ਅਤੇ ਸੰਯਮ ਦੀ ਘਾਟ ਹੋਵੇ ਤਾਂ ਮਨੁੱਖ ਆਪਣੀਆਂ ਸੀਮਾਵਾਂ ਤੋਂ ਪਾਰ ਨਹੀਂ ਲੰਘ ਸਕਦਾ। (੧)(ਠਹਿਰਾਉ)

ਕਰਮ ਕਰਿ ਅਰੁਣ ਪਿੰਗੁਲਾ ਰੀ ॥੨॥

ਪਰ ਆਪਣੇ ਹੀ ਕਰਮਾਂ ਦੇ ਕਾਰਨ, ਮਿਥਹਾਸਿਕ ਸਾਰਥੀ ਅਰੁਣ ਜਨਮ ਤੋਂ ਹੀ ਸਰੀਰਕ ਤੌਰ ‘ਤੇ ਅਪਾਹਿਜ ਪੈਦਾ ਹੋਇਆ। ਇਹ ਪ੍ਰਸੰਗ ਜੀਵਨ ਦੇ ਵਿਕਾਸ ਵਿਚ ਧੀਰਜ ਨੂੰ ਇਕ ਮੂਲ ਗੁਣ ਵਜੋਂ ਉਜਾਗਰ ਕਰਦਾ ਹੈ। ਜਿਹੜੇ ਆਪਣੀਆਂ ਕਮੀਆਂ ਜਾਂ ਅਪੂਰਣਤਾਵਾਂ ਦੇ ਬਾਵਜੂਦ ਇਸ ਸੱਚਾਈ ਨੂੰ ਸਮਝ ਲੈਂਦੇ ਹਨ, ਉਹ ਸੰਸਾਰ ਅਤੇ ਸ੍ਰਿਸ਼ਟੀ ਦੇ ਭਲੇ ਲਈ ਮਹੱਤਵਪੂਰਨ ਯੋਗਦਾਨ ਪਾਉਣ ਦੀ ਸਮਰੱਥਾ ਰੱਖਦੇ ਹਨ। (੨)

ਅਨਿਕ ਪਾਤਿਕ ਹਰਤਾ ਤ੍ਰਿਭਵਣ ਨਾਥੁ ਰੀ ਤੀਰਥਿ ਤੀਰਥਿ ਭ੍ਰਮਤਾ ਲਹੈ ਨ ਪਾਰੁ ਰੀ ॥

ਸਰਬ-ਵਿਆਪਕ ਚੇਤਨਾ ਅਣਗਿਣਤ ਕਮਜ਼ੋਰੀਆਂ ਨੂੰ ਦੂਰ ਕਰ ਦਿੰਦੀ ਹੈ; ਤੀਰਥ-ਅਸਥਾਨਾਂ ਦੀ ਯਾਤਰਾ ਕਰਨ ਨਾਲ ਉਨ੍ਹਾਂ ਤੋਂ ਪਾਰ ਨਹੀਂ ਲੰਘਿਆ ਜਾ ਸਕਦਾ। ਇਹ ਭਾਵ ਇਸ ਤੱਥ ਦਾ ਪ੍ਰਤੀਕ ਹੈ ਕਿ ਸੱਚੀ

ਗਿਆਨ-ਪ੍ਰਾਪਤੀ ਅਤੇ ਅੰਤਰੀਵੀ ਜਾਗਰੂਕਤਾ ਕਰਮਕਾਂਡੀ ਰਸਮਾਂ ਨਾਲ ਨਹੀਂ, ਸਗੋਂ ਬਿਬੇਕ, ਸੂਝ ਅਤੇ ਆਤਮ-ਬੋਧ ਰਾਹੀਂ ਪ੍ਰਾਪਤ ਹੁੰਦੀ ਹੈ।

ਕਰਮ ਕਰਿ ਕਪਾਲੁ ਮਫੀਟਸਿ ਰੀ ॥੩॥

ਉਸ ਕਰਮ ਦੇ ਕਾਰਨ, ਖੋਪੜੀ, ਜੋ ਅਣਸੁਲਝੇ ਨਤੀਜਿਆਂ ਦੀ ਪ੍ਰਤੀਕ ਹੈ, ਵੱਖ ਨਹੀਂ ਕੀਤੀ ਜਾ ਸਕਦੀ। ਇਹ ਭਾਵ ਪੌਰਾਣਿਕ ਕਥਾ ਵੱਲ ਸੰਕੇਤ ਕਰਦਾ ਹੈ ਕਿ ਜਦ ਤੱਕ ਮਨੁੱਖ ਆਪਣੇ ਕਰਮਾਂ ਨੂੰ ਅੰਤਰੀਵੀ ਤੌਰ ਤੇ ਸਮਝ, ਰੁਪਾਂਤਰਿਤ ਕਰ, ਇਮਾਨਦਾਰੀ ਨਾਲ ਨਹੀਂ ਢਾਲ ਲੈਂਦਾ, ਉਨ੍ਹਾਂ ਦੇ ਪ੍ਰਭਾਵ ਇਕ ਬੋਝ ਵਾਂਗ ਉਸ ਨਾਲ ਜੁੜੇ ਰਹਿੰਦੇ ਹਨ। (੩)

ਅੰਮ੍ਰਿਤ ਸਸੀਅ ਧੇਨ ਲਛਿਮੀ ਕਲਪਤਰ ਸਿਖਰਿ ਸੁਨਾਗਰ ਨਦੀ ਚੇ ਨਾਥੰ ॥

ਅੰਮ੍ਰਿਤ, ਜੋ ਅਮਰਤਾ ਦਾ ਰਸ ਹੈ; ਸਸੀਆ, ਜੋ ਸ਼ਾਂਤੀ ਅਤੇ ਠੰਢਕ ਦਾ ਚੰਦਰਮਾ ਹੈ; ਧੇਨ, ਜੋ ਭਰਪੂਰਤਾ ਬਖ਼ਸ਼ਣ ਵਾਲੀ ਗਾਂ ਹੈ; ਲਛਮੀ, ਜੋ ਖੁਸ਼ਹਾਲੀ ਦੀ ਦੇਵੀ ਹੈ; ਕਲਪਤਰ, ਜੋ ਇੱਛਾਵਾਂ ਪੂਰੀਆਂ ਕਰਨ ਵਾਲਾ ਰੁੱਖ ਹੈ; ਸਿਖਰ, ਜੋ ਉੱਤਮ ਘੋੜਾ ਹੈ; ਸੁਨਾਗਰ, ਜੋ ਸਿਆਣਾ ਵੈਦ ਹੈ; ਅਤੇ ਪਾਲਣ-ਪੋਸ਼ਣ ਕਰਨ ਵਾਲੀਆਂ ਨਦੀਆਂ, ਇਹ ਸਭ ਕੁਝ ਇਕ ਸਰਬ-ਵਿਆਪਕ ਊਰਜਾ ਤੋਂ ਉਤਪੰਨ ਹੋਇਆ ਹੈ। ਇਹ ਚਿੱਤਰਣ ਇਸ ਤੱਥ ਦਾ ਪ੍ਰਤੀਕ ਹੈ ਕਿ ਅਨੇਕਾਂ ਖਜ਼ਾਨੇ ਜੋ ਵੱਖ-ਵੱਖ ਅਤੇ ਆਪਣੇ ਆਪ ਵਿਚ ਸੁਤੰਤਰ ਦਿਸਦੇ ਹਨ, ਉਹ ਅਸਲ ਵਿਚ ਇਕੋ ਹੀ ਸਤਾ ਦੇ ਹੀ ਵੰਨੇ-ਸੁਵੰਨੇ ਪ੍ਰਗਟਾਵ ਹਨ।

ਕਰਮ ਕਰਿ ਖਾਰੁ ਮਫੀਟਸਿ ਰੀ ॥੪॥

ਜਦੋਂ ਸਾਡੇ ਕਰਮ ਕਠੋਰ ਜਾਂ ਹਾਨੀਕਾਰਕ ਹੁੰਦੇ ਹਨ, ਤਾਂ ਉਨ੍ਹਾਂ ਦੇ ਨਤੀਜੇ ਲੂਣ ਦੇ ਸਵਾਦ ਵਾਂਗ ਲੁਕੇ ਨਹੀਂ ਰਹਿੰਦੇ। ਇਹ ਭਾਵ ਇਸ ਤੱਥ ਨੂੰ ਦਰਸਾਉਂਦਾ ਹੈ ਕਿ ਆਪਣੇ ਫ਼ੈਸਲਿਆਂ ਅਤੇ ਉਨ੍ਹਾਂ ਦੇ ਨਤੀਜਿਆਂ ਪ੍ਰਤੀ ਸਾਡੀ ਜ਼ਿੰਮੇਵਾਰੀ ਦੇ ਨਿਸ਼ਾਨ ਅਣਡਿੱਠ ਨਹੀਂ ਕੀਤੇ ਜਾ ਸਕਦੇ। (੪)

ਦਾਧੀਲੇ ਲੰਕਾ ਗੜੁ ਉਪਾੜੀਲੇ ਰਾਵਣ ਬਣੁ ਸਲਿ ਬਿਸਲਿ ਆਣਿ ਤੋਖੀਲੇ ਹਰੀ ॥

ਲੰਕਾ ਦਾ ਕਿਲ੍ਹਾ ਤਬਾਹ ਹੋ ਗਿਆ ਅਤੇ ਸੰਜੀਵਨੀ ਬੂਟੀ ਪ੍ਰਾਪਤ ਕਰਨ ਲਈ ਬਾਗ਼ ਨੂੰ ਪੁੱਟ ਦਿੱਤਾ ਗਿਆ। ਰਾਮਾਇਣ ਦੇ ਇਸ ਪ੍ਰਸੰਗ ਵਿਚ ਹਨੂਮਾਨ ਦੀ ਸ਼ਕਤੀ ਦਾ ਵਰਣਨ ਹੈ, ਪਰ ਇਹ ਭਾਵ ਨਾਲ ਹੀ ਇਸ

ਤੱਥ ਨੂੰ ਵੀ ਉਜਾਗਰ ਕਰਦਾ ਹੈ ਕਿ ਭਾਵੇਂ ਕੋਈ ਬਲਵਾਨ ਹੋਵੇ ਜਾਂ ਨਿਰਬਲ, ਹਰ ਇਕ ਨੂੰ ਆਪਣੇ ਕਰਮਾਂ ਅਤੇ ਉਨ੍ਹਾਂ ਦੇ ਨਤੀਜਿਆਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਕਰਮ ਕਰਿ ਕਛਉਟੀ ਮਫੀਟਸਿ ਰੀ ॥੫॥

ਕੀਤੇ ਕਰਮ ਦੇ ਕਾਰਨ ਲੰਗੋਟ ਨਹੀਂ ਲਾਹਿਆ ਜਾ ਸਕਿਆ। ਇਹ ਭਾਵ ਇਸ ਤੱਥ ਨੂੰ ਦਰਸਾਉਂਦਾ ਹੈ ਕਿ ਸਾਡੇ ਕਰਮਾਂ ਦੁਆਰਾ ਬਣੇ ਪਛਾਣ ਦੇ ਨਿਸ਼ਾਨ ਅਤੇ ਪ੍ਰਭਾਵ ਲੰਬੇ ਸਮੇਂ ਤੱਕ ਸਾਡੇ ਨਾਲ ਜੁੜੇ ਰਹਿੰਦੇ ਹਨ। ਭਾਵੇਂ ਸਾਡੀਆਂ ਪ੍ਰਾਪਤੀਆਂ ਕਿੰਨੀਆਂ ਵੀ ਵੱਡੀਆਂ ਹੋਣ। (੫)

ਪੂਰਬਲੋ ਕ੍ਰਿਤ ਕਰਮੁ ਨ ਮਿਟੈ ਰੀ ਘਰ ਗੇਹਣਿ ਤਾ ਚੇ ਮੋਹਿ ਜਾਪੀਅਲੇ ਰਾਮ ਚੇ ਨਾਮੰ ॥

ਸਾਡੇ ਪਿਛਲੇ ਕਰਮਾਂ ਦਾ ਪ੍ਰਭਾਵ ਸਹਿਲੇ ਨਹੀਂ ਮਿਟਦਾ; ਸੰਸਾਰਿਕ ਲਗਾਵ ਇਸਦੀ ਪਕੜ ਨੂੰ ਮਜ਼ਬੂਤ ਕਰਦਾ ਹੈ, ਸਿਰਫ਼ ਸਵੈ-ਚਿੰਤਨ ਹੀ ਇਸਨੂੰ ਭੰਗ ਕਰ ਸਕਦਾ ਹੈ। ਇਹ ਭਾਵ ਸੁਝਾਅ ਦਿੰਦਾ ਹੈ ਕਿ ਜਾਗਰੂਕਤਾ ਵਿਨਾਸ਼ਕਾਰੀ ਢਾਂਚਿਆਂ ਨੂੰ ਫੜੀ ਰੱਖਣ ਦੀ ਪ੍ਰਵਿਰਤੀ ਨੂੰ ਬਦਲ ਸਕਦੀ ਹੈ।

ਬਦਤਿ ਤ੍ਰਿਲੋਚਨ ਰਾਮ ਜੀ ॥੬॥੧॥

ਤ੍ਰਿਲੋਚਨ ਕਹਿੰਦੇ ਹਨ ਕਿ ਉਹ ਚੇਤਨਾ ਦੀ ਸਰਵ ਵਿਆਪਕ ਸਤਾ ਬਾਰੇ ਚਿੰਤਨ ਕਰਦੇ ਹਨ। ਇਹ ਭਾਵ ਸਿਧਾਂਤਾਂ ਨਾਲੋਂ ਅਨੁਭਵੀ ਸੂਝ ਦੀ ਮਹੱਤਤਾ ਨੂੰ ਉਜਾਗਰ ਕਰਦਾ ਹੈ। (੬)(੧)

ਤੱਤ: ਭਗਤ ਤ੍ਰਿਲੋਚਨ ਮਿਥਿਹਾਸਿਕ ਪਾਤਰਾਂ ਨੂੰ ਕੇਵਲ ਪੂਜਾ ਦੇ ਵਿਸ਼ੇ ਵਜੋਂ ਨਹੀਂ, ਸਗੋਂ ਮਨੁੱਖੀ ਮਨੋਵਿਗਿਆਨ ਦੇ ਦਰਪਣ ਵਜੋਂ ਵਰਤਦੇ ਹਨ। ਉਹ ਦਰਸਾਉਂਦੇ ਹਨ ਕਿ ਸਾਡੇ ਕਰਮ ਹੀ ਜੀਵਨ ਭਰ ਵਿਗਾੜ ਅਤੇ ਨਿਖਾਰ ਦੋਵਾਂ ਨੂੰ ਜਨਮ ਦਿੰਦੇ ਹਨ। ਪਵਿੱਤਰ ਇਸ਼ਨਾਨ ਵਰਗੀਆਂ ਰਸਮਾਂ ਜਾਂ ਵੱਡੀਆਂ ਪ੍ਰਾਪਤੀਆਂ ਵੀ ਅੰਤਰ-ਆਤਮਾ ਦੇ ਉਹਨਾਂ ਪੱਖਾਂ ਨੂੰ ਸ਼ੁੱਧ ਨਹੀਂ ਕਰ ਸਕਦੀਆਂ ਜੋ ਅਜੇ ਤੱਕ ਸਮਝੇ, ਸਵੀਕਾਰੇ ਜਾਂ ਸੰਬੋਧਿਤ ਨਹੀਂ ਕੀਤੇ ਗਏ। ਅਸਲ ਰੁਪਾਂਤਰਣ ਤਦੋਂ ਹੀ ਸੰਭਵ ਹੁੰਦਾ ਹੈ ਜਦੋਂ ਅਸੀਂ ਆਪਣੇ ਅੰਦਰ ਝਾਤੀ ਮਾਰਦੇ ਹਾਂ ਅਤੇ ਉਸ ਸਰਬ-ਵਿਆਪਕ ਹਾਜ਼ਰੀ ਨੂੰ ਅਪਣਾਉਂਦੇ ਹਾਂ ਜੋ ਸਾਨੂੰ ਸੂਝ, ਅੰਦਰੂਨੀ ਬੋਧ ਅਤੇ ਅਰਥਪੂਰਨ ਬਦਲਾਅ ਵੱਲ ਸੇਧਿਤ ਕਰਦੀ ਹੈ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**
ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**